ਇਹੁ ਹਮਾਰਾ ਜੀਵਣਾ

5.7.97

# ਅਸਲੀ ਮੁੱਦੇ ਤੇ ਅਖ਼ਬਾਰੀ ਮੁੱਦੇ

ਇਹ ਗੱਲ ਹੈ ਤਾਂ ਲਤੀਫ਼ੇ ਵਰਗੀ ਪਰ ਹੈ ਸੱਚ। ਬੜੇ ਸਾਲ ਪਹਿਲਾਂ ਪੰਜਾਬ ਤੇ ਗਿਆਨੀ ਜ਼ੈਲ ਸਿੰਘ ਦਾ ਰਾਜ ਸੀ। ਰੋਪੜ ਵਿਚ ਸ਼ਹਿਰੀਆਂ ਦੀ ਇਕ ਮੀਟਿੰਗ ਬੁਲਾਈ ਗਈ ਕਿ ਪੁਰਾਣੇ ਸ਼ਹਿਰ ਦੇ ਸੁਧਾਰ ਲਈ ਸੋਚਿਆ ਜਾਏ। ਇਹਦੀਆਂ ਟੁੱਟੀਆਂ ਸੜਕਾਂ ਦੀ ਮੁਰੰਮਤ, ਬਾਜ਼ਾਰ ਵਿਚ ਟਰੈਫਿਕ ਦਾ ਕੰਟਰੋਲ, ਪਾਣੀ ਦਾ ਨਿਕਾਸ, ਗੰਦ ਸਾਫ਼ ਕਰਨ ਦੇ ਉਪਰਾਲੇ, ਸ਼ਹਿਰ ਦੀਆਂ ਗੰਦੀਆਂ ਬਸਤੀਆਂ ਨੂੰ ਜੀਵਨ ਦੀਆਂ ਸਹੂਲਤਾਂ ਆਦਿਕ ਦੇਣ ਬਾਰੇ ਸੋਚਿਆ ਜਾਏ। ਇਕ ਸਮਾਂਬੱਧ ਪ੍ਰੋਗਰਾਮ ਉਲੀਕਿਆ ਜਾਏ। ਮੀਟਿੰਗ ਦਾ ਇਕ ਏਜੰਡਾ ਇਹ ਵੀ ਸੀ ਕਿ ਰੋਪੜ ਦਾ ਨਾਂ ਰੂਪਨਗਰ ਰੱਖਿਆ ਜਾਏ। 4 ਘੰਟੇ ਦੇ ਬਾਅਦ ਜਦੋਂ ਮੀਟਿੰਗ ਖ਼ਤਮ ਹੋਈ ਤਾਂ ਫ਼ੈਸਲਾ ਸਿਰਫ਼ ਇਹੀ ਹੋ ਸਕਿਆ ਕਿ ਅਗਲੇ ਸਾਲ ਪਹਿਲੀ ਜਨਵਰੀ ਤੋਂ ਸਰਕਾਰੀ ਕਾਗ਼ਜ਼ਾਂ ਵਿਚ ਰੋਪੜ ਦਾ ਨਾਂ ਰੂਪਨਗਰ ਹੋਵੇਗਾ। ਬਾਕੀ ਸ਼ਹਿਰ ਦੇ ਸੁਧਾਰ ਦੀਆਂ ਸਕੀਮਾਂ ਧਰੀਆਂ-ਧਰਾਈਆਂ ਰਹਿ ਗਈਆਂ। ਯਾਨੀ ਮੁੱਖ ਮੁੱਦਾ ਜਿਸ ਤਰ੍ਹਾਂ ਇਹੀ ਸੀ ਕਿ ਰੋਪੜ ਦਾ ਨਾਂ ਬਦਲ ਕੇ ਰੂਪਨਗਰ ਰੱਖਿਆ ਜਾਏ। ਇਹੀ ਪਹੁੰਚ ਦੇਸ਼ ਦੀ ਸਮੁੱਚੀ ਰਾਜਨੀਤੀ ਜਾਂ ਬੁਰਜੂਆ ਤਰਜ਼ ਦੀ ਰਾਜਨੀਤੀ ਦੀ ਹੈ। ਲੋਕਾਂ ਨੂੰ ਕਿਸੇ ਨਾ ਕਿਸੇ ਐਸੇ ਮੁੱਦੇ 'ਤੇ ਉਲਝਾਈ ਰੱਖੋ, ਜਿਸ ਦਾ ਲੋੜੀਂਦਾ ਬੁਨਿਆਦੀ ਤਬਦੀਲੀ ਨਾਲ ਦੂਰ ਦਾ ਤੁਅੱਲਕ ਵੀ ਨਾ ਹੋਵੇ। ਦੋ ਸਾਲ ਹਵਾਲਾ ਕਾਂਡ ਨੇ ਅਖ਼ਬਾਰਾਂ ਮੱਲੀਆਂ ਰੱਖੀਆਂ, ਨਿਕਲਿਆ ਕੁੱਝ ਨਾ। ਪਹਾੜ ਪੁੱਟ ਕੇ ਕੋਈ ਚੂਹੀ ਵੀ ਨਾ ਨਿਕਲੀ। ਉਸ ਵੇਲੇ ਸਿਆਸੀ ਮਾਹਿਰਾਂ ਨੇ ਪੇਸ਼ੀਨਗੋਈ ਕੀਤੀ ਸੀ ਕਿ ਜਿਸ ਸਿਸਟਮ ਵਿਚ ਸਭ ਕੁੱਝ ਪੈਸੇ ਨਾਲ ਹੀ ਚਲਦਾ ਹੈ, ਉੱਥੇ ਕਾਨੂੰਨ ਪੈਸੇ ਵਾਲੇ ਬੰਦਿਆਂ ਨੂੰ ਹੱਥ ਨਹੀਂ ਪਾ ਸਕਦਾ। ਫੇਰ ਕਈ ਹੋਰ ਕਾਂਡ ਅਖ਼ਬਾਰਾਂ ਦਾ ਵਿਸ਼ਾ ਬਣੇ ਰਹੇ ਪਰ ਇਨ੍ਹਾਂ ਵਿਚ ਕੋਈ ਵਿਸ਼ਾ ਐਸਾ ਨਹੀਂ ਜੋ ਭਾਰਤ ਦੇ 93 ਕਰੋੜ ਵਿਚੋਂ 74 ਕਰੋੜ ਲੋਕਾਂ 'ਤੇ ਕੋਈ ਅਸਰ ਰੱਖਦਾ ਹੋਵੇ। ਉਤਲੀ ਪੱਧਰ 'ਤੇ ਸਿਆਸੀ ਜੋੜ-ਤੋੜ ਤੋਂ ਸਿਵਾ ਇਨ੍ਹਾਂ ਮੁੱਦਿਆਂ ਵਿਚ ਕੁੱਝ ਵੀ ਨਹੀਂ ਸੀ ਅਤੇ ਨਾ ਹੈ। ਫੇਰ ਐਸੇ ਹਾਲਾਤਾਂ ਵਿਚ ਕੀ ਕੀਤਾ ਜਾਏ? ਇਹ ਕਿਸਦਾ ਫ਼ਿਕਰ ਹੈ ਕਿ ਲੋਕਾਂ ਦਾ ਧਿਆਨ ਲੋਕਾਂ ਦੇ ਅੰਦੋਲਨ ਇਸ ਨੁਕਤੇ ਵੱਲ ਸੇਧਿਤ ਕੀਤੇ ਜਾਣ ਕਿ ਭਾਰਤ ਦੀ ਵਿਸ਼ਾਲ ਲੋਕਾਈ ਦੇ ਜੀਵਨ ਵਿਚ ਕੋਈ ਫਰਕ ਪਵੇ। ਇਹ ਇਕ ਜਾਣੀ ਹੋਈ ਸਚਾਈ ਹੈ ਕਿ ਭਾਰਤ ਵਿਚ ਸਿਰਫ਼ 5 ਫੀਸਦੀ ਲੋਕ ਹੀ ਕੁੱਝ ਚੰਗਾ ਜੀਵਨ ਜੀਂਦੇ ਹਨ। 40 ਫੀਸਦੀ ਦਾ ਗੁਜ਼ਾਰੇ ਜੋਗਾ ਜੀਵਨ ਪੱਧਰ ਹੈ ਪਰ 55 ਫੀਸਦੀ ਜਿਹੜਾ ਜੀਵਨ ਜੀਂਦੇ ਹਨ, ਉਹ ਕਿਸੇ ਵੀ ਹਾਲਤ ਵਿਚ ਜੀਣ ਦੇ ਯੋਗ ਨਹੀਂ ਸਮਝਿਆ ਜਾ ਸਕਦਾ। ਸਾਰਾ ਜ਼ੋਰ ਲੱਗਣਾ ਚਾਹੀਦਾ ਹੈ ਅਤੇ ਪਲੈਨਿੰਗ ਸਾਰੀ ਇਸ ਨੁਕਤੇ 'ਤੇ ਕੇਂਦਰਤ ਹੋਵੇ ਕਿ ਬੁਨਿਆਦੀ ਤਬਦੀਲੀਆਂ ਕਰਕੇ ਇਕ ਬਰਾਬਰੀ ਵਾਲੇ ਸਮਾਜ ਵੱਲ ਵਧਿਆ ਜਾਏ। ਉਹਦੇ ਵਿਚ ਕੀ ਅੜਿੱਕੇ ਹਨ, ਉਨ੍ਹਾਂ ਬਾਰੇ ਸੋਚਿਆ ਜਾਏ।

ਹੁਣ ਪੰਜਾਬ ਹੀ ਲੈ ਲਵੋ। 12500 ਪਿੰਡਾਂ ਦੇ ਵਿਹੜਿਆਂ ਨੂੰ ਆਧੁਨਿਕ ਸਹੂਲਤਾਂ ਵਾਲੀਆਂ ਕਲੋਨੀਆਂ ਵਿਚ ਕਿਸ ਤਰ੍ਹਾਂ ਬਦਲਣਾ ਹੈ, ਇਹ ਅਜੰਡੇ ਉੱਤੇ ਨਹੀਂ। ਅਜੰਡਾ ਹੈ ਕਿ ਪੰਜਾਬ ਵਿਚ ਇਜ਼ਰਾਈਲ ਤਰਜ਼ ਦੀ ਕਾਸ਼ਤਕਾਰੀ ਕਿਸ ਤਰ੍ਹਾਂ ਕੀਤੀ ਜਾਏ? ਇਹ ਸਾਰੀ ਜਾਣਕਾਰੀ ਬਹੁਤ ਹੀ ਵਿਸਥਾਰ ਨਾਲ ਲੁਧਿਆਣਾ ਦੀ ਖੇਤੀਬਾੜੀ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿਚ ਮੁਹੱਈਆ ਹੈ। ਬੜੀਆਂ ਵੱਡੀਆਂ-ਵੱਡੀਆਂ ਕਿਤਾਬਾਂ ਲਾਇਬ੍ਰੇਰੀ ਵਿਚ ਮੌਜੂਦ ਹਨ ਤੇ ਖੇਤੀਬਾੜੀ ਦੇ ਮਾਹਿਰਾਂ ਨੇ ਉਹ ਪੜ੍ਹੀਆਂ ਵੀ ਹਨ। ਪਰ ਨਹੀਂ ਉੱਥੇ ਬਾਦਲ ਸਾਹਿਬ, ਉਨ੍ਹਾਂ ਦੀ ਪਤਨੀ, ਉਨ੍ਹਾਂ ਦੇ ਪੁੱਤਰ, ਉਨ੍ਹਾਂ ਦੇ ਜਵਾਈ, ਉਨ੍ਹਾਂ ਦੀ ਧੀ, ਉਨ੍ਹਾਂ ਦੀ ਨੂੰਹ, ਪੋਤਰੇ, ਪੋਤਰੀਆਂ, ਦੋਹਤਰੀ, ਦੋਹਤਰਿਆਂ ਦਾ ਜਾਣਾ ਜ਼ਰੂਰੀ ਹੈ। ਸਭ ਕੁੱਝ ਸਰਕਾਰੀ ਖਰਚ 'ਤੇ ਅਤੇ ਸਰਕਾਰ ਵੀ ਉਹ ਜਿਹੜੀ 8000 ਕਰੋੜ ਦੇ ਕਰਜ਼ੇ ਦੀ ਮੁਆਫ਼ੀ ਦਾ ਰੌਲਾ ਹਰ ਵੇਲੇ ਪਾਉਂਦੀ ਰਹਿੰਦੀ ਹੈ।

ਵੱਡੇ ਲੋਕਾਂ ਦਾ ਹੁਣ ਇਹ ਦਸਤੂਰ ਬਣ ਗਿਆ ਹੈ ਕਿ ਉਹ ਸਾਧਾਰਨ ਲੋਕਾਂ ਦਾ ਮਜ਼ਾਕ ਉਡਾਉਣ। ਬਹੁਤ ਹੋ ਚੁੱਕਿਆ ਇਹ ਮਜ਼ਾਕ। ਹੁਣ ਸਾਧਾਰਨ ਲੋਕਾਂ ਦਾ ਫਰਜ਼ ਹੈ ਕਿ ਉਹ ਚੇਤਨ ਹੋ ਕੇ ਆਪਣੀ ਤਕਦੀਰ ਬਦਲਣ ਵਾਲੇ ਮੁੱਦਿਆਂ ਤੇ ਸਿਰਫ਼ ਉਨ੍ਹਾਂ ਮੁੱਦਿਆਂ 'ਤੇ ਹੀ ਆਪਣਾ ਧਿਆਨ ਕੇਂਦਰਤ ਕਰਨ। ਇਹ ਫਿਕਰ ਖੱਬੀ ਧਿਰ ਤੇ ਸਿਰਫ਼ ਖੱਬੀ ਧਿਰ ਦਾ ਹੋ ਸਕਦਾ ਹੈ। ਖੱਬੀ ਧਿਰ ਨੂੰ ਲਕੀਰ ਖਿੱਚ ਕੇ ਆਪਣੀ ਸਿਆਸਤ ਨੂੰ ਬੁਰਜੂਆ ਸਿਆਸਤ ਤੋਂ ਵੱਖ ਕਰਨਾ ਹੈ। ਇਹ ਜ਼ਰੂਰੀ ਹੈ। ਮੋਹਾਲੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਹੋਵੇ ਜਾਂ ਮੋਹਾਲੀ ਹੀ ਰਵ੍ਹੇ, ਸਾਧਾਰਨ ਬੰਦੇ ਲਈ ਇਹ ਕੋਈ ਕੁੱਦਾ ਨਹੀਂ।

**ਗੁਰਸ਼ਰਨ ਸਿੰਘ**